# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ

ਵੱਲ

ਜਿਲ੍ਹੇ ਦੇ ਸਮੂਹ ਸਰਕਾਰੀ/ਗੈਰ ਸਰਕਾਰੀ/ਮਾਨਤਾ ਪ੍ਰਾਪਤ/ਏਡਿਡ
ਸੈਕੰਡਰੀ/ਹਾਈ ਅਤੇ ਮਿਡਲ ਸਕੂਲਾਂ ਦੇ ਮੁਖੀਆਂ ।
ਜ਼ਿਲ੍ਹਾ ਮਾਨਸਾ ।
ਪੱਤਰ ਨੰ: ਜਿਲ੍ਹਾ ਸਪੋਰਟਸ ਕੋਆਡੀਨੇਟਰ/2022-23/ਮੀਟਿੰਗ/2023 212249
ਮਿਤੀ ਮਾਨਸਾ: 01.08.2023

ਵਿਸ਼ਾ:- **ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੀ ਚੋਣ ਲਈ ਜਨਰਲ ਹਾਊਸ ਦੀ ਮੀਟਿੰਗ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਾਲ 2023-24 ਅਤੇ ਸਾਲ 2024-25 ਲਈ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੀ ਚੋਣ ਕਰਾਉਣ ਲਈ ਜਿਲ੍ਹਾ ਮਾਨਸਾ ਦੇ ਸਮੂਹ ਸਕੂਲ ਮੁਖੀਆਂ, ਲੈਕਚਰਾਰ ਫਿਜੀ.ਐਜੂ, ਡੀ.ਪੀ.ਈਜ਼. ਅਤੇ ਪੀ.ਟੀ.ਆਈਜ਼. ਦੀ ਮੀਟਿੰਗ ਨਿਮਨ ਹਸਤਾਖਰੀ ਦੀ ਪ੍ਰਧਾਨਗੀ ਹੇਠ ਨਾਰਾਇਣ ਸ਼ਿਕਸ਼ਣ ਕੇਂਦਰ ਸਕੂਲ, ਮਾਨਸਾ (ਨਹਿਰੂ ਮੈਮੋਰੀਅਲ ਕਾਲਜ਼ ਰੋਡ,ਮਾਨਸਾ) ਵਿਖੇ ਮਿਤੀ 03-08-2023 ਨੂੰ ਸਵੇਰੇ 11:00 ਵਜੇ ਬੁਲਾਈ ਗਈ ਹੈ। ਮੀਟਿੰਗ ਵਿਚ ਜਿਲ੍ਹਾ ਪੱਧਰੀ ਟੂਰਨਾਮੈਂਟ ਕਮੇਟੀ ਦੀ ਚੋਣ ਕੀਤੀ ਜਾਣੀ ਹੈ ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਸਕੂਲ ਮੁਖੀ,ਲੈਕਚਰਾਰ ਫਿਜੀ.ਐਜੂ, ਡੀ.ਪੀ.ਈਜ਼. ਅਤੇ ਪੀ.ਟੀ.ਆਈਜ਼. ਇਸ ਮੀਟਿੰਗ ਵਿੱਚ ਆਪ ਖੁਦ ਨਿੱਜੀ ਤੌਰ ਤੇ ਹਾਜ਼ਰ ਹੋਣ (ਆਪਣਾ ਨੁਮਾਇੰਦਾ ਕਿਸੇ ਵੀ ਹਾਲਤ ਵਿੱਚ ਨਾ ਭੇਜਿਆ ਜਾਵੇ) ਅਤੇ ਮੀਟਿੰਗ ਵਿੱਚ ਹਰ ਹਾਲਤ ਵਿੱਚ ਨਿੱਜੀ ਪੱਧਰ ਤੇ ਹਾਜ਼ਰ ਹੋਇਆ ਜਾਵੇ ਤਾਂ ਜੋ ਟੂਰਨਾਮੈਂਟ ਦਾ ਸਾਰਾ ਪ੍ਰੋਗਰਾਮ ਵਧੀਆ ਅਤੇ ਸੁਚਾਰੂ ਢੰਗ ਨਾਲ ਤਿਆਰ ਕੀਤਾ ਜਾ ਸਕੇ । ਜੇਕਰ ਕਿਸੇ ਸਕੂਲ ਵਿਚ ਸਰੀਰਿਕ ਸਿੱਖਿਆ ਦੇ 2 ਅਧਿਆਪਕ ਕੰਮ ਕਰਦੇ ਹਨ ਤਾਂ ਉਹਨਾਂ ਦੋਵਾਂ ਦਾ ਮੀਟਿੰਗ ਵਿਚ ਆਉਣਾ ਲਾਜ਼ਮੀ ਹੈ।

ਨੋਟ:-

1.ਹਰੇਕ ਅਧਿਆਪਕ ਕੋਲ ਖੇਡ ਨੀਤੀ 2023 ਦੀ ਹਾਰਡ ਕਾਪੀ ਹੋਣੀ ਜਰੂਰੀ ਹੈ।
2.ਅਧਿਆਪਕ ਜਾਣਕਾਰੀ ਪ੍ਰਫਾਰਮਾ(ਨੱਥੀ) ਇਸ ਮੀਟਿੰਗ ਵਿੱਚ ਸਕੂਲ ਮੁੱਖੀ ਤੋਂ ਤਸਦੀਕ ਕਰਵਾਕੇ ਦਸਤੀ ਤੌਰ ਤੇ ਲਿਆਉਣਾ ਲਾਜ਼ਮੀ ਹੈ।
3.ਮੀਟਿੰਗ ਵਿੱਚ ਆਉਣ ਵਾਲੇ ਵਹੀਕਲਾਂ ਦੀ ਪਾਰਕਿੰਗ ਦੀ ਸਮੱਸਿਆ ਨੂੰ ਦੇਖਦੇ ਹੋਏ ਇਕੱਠੇ ਹੋ ਕੇ ਆਉਣ ਦੀ ਤਰਜੀਹ ਦਿੱਤੀ ਜਾਵੇ ਜੀ।

01/08/2023
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮਾਨਸਾ

ਪਿੱਠ ਅੰਕਣ ਨੰ: ਉਕਤ ਮਿਤੀ ਮਾਨਸਾ: ਉਕਤ

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਨਾਰਾਇਣ ਸ਼ਿਕਸ਼ਣ ਕੇਂਦਰ ਸਕੂਲ, ਮਾਨਸਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੀਟਿੰਗ ਸਬੰਧੀ ਤਿਆਰੀ, ਲਾਊਡ ਸਪੀਕਰ ਅਤੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ ਕਰਨ ਦੀ ਖੇਚਲ ਕੀਤੀ ਜਾਵੇ। ਇਸ ਕੰਮ ਲਈ ਆਪਣੇ ਸਕੂਲ ਦੇ ਦੋ ਕਰਮਚਾਰੀਆ ਦੀ ਡਿਊਟੀ ਚਾਹ ਪਾਣੀ ਅਤੇ ਪ੍ਰਬੰਧ ਲਈ ਫਿਕਸ ਕਰਕੇ ਇਹ ਕੰਮ ਕਰਨਾ ਯਕੀਨੀ ਬਣਾਇਆ ਜਾਵੇ।

01/08/2023
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮਾਨਸਾ

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿੱ:) ਮਾਨਸਾ

## ਸਪੋਰਟਸ ਸ਼ਾਖਾ

ਵੱਲ:-

ਜਿਲ੍ਹੇ ਦੇ ਸਮੂਹ ਸਰਕਾਰੀ/ਗੈਰ ਸਰਕਾਰੀ/ਮਾਨਤਾ ਪ੍ਰਾਪਤ/ਏਡਿਡ
ਸੈਕੰਡਰੀ/ਹਾਈ ਅਤੇ ਮਿਡਲ ਸਕੂਲਾਂ ਦੇ ਮੁਖੀਆਂ

ਵਿਸ਼ਾ :- ਫਿਜੀਕਲ ਅਧਿਆਪਕ ਅਤੇ ਖੇਡ ਮੈਦਾਨ ਸਬੰਧੀ ਜਾਣਕਾਰੀ।

| ਲੜੀ ਨੰ: | ਕਰਮਚਾਰੀ ਦਾ ਨਾਮ ਅਤੇ ਮੋਬਾਇਲ ਨੰ: | ਅਹੁਦਾ | ਸਕੂਲ ਦਾ ਨਾਮ/ ਸਕੂਲ ਦੀ email.id | ਸਕੂਲ ਮੁੱਖੀ ਦਾ ਨਾਮ ਅਤੇ ਮੋਬਾਇਲ ਨੰ: | ਕਰਮਚਾਰੀ ਦੀ ਅਪਣੀ ਖੇਡ ਅਤੇ ਕਿਸ ਪੱਧਰ ਤੱਕ ਖੇਡਿਆ ਹੈ | ਕਰਮਚਾਰੀ ਨੇ ਕਿਸ ਪੱਧਰ ਤੱਕ ਖੇਡਾਂ ਵਿੱਚ ਆਫੀਸ਼ੀਟਿੰਗ ਕੀਤੀ ਹੈ | ਸਕੂਲ ਵਿੱਚ ਚੱਲ ਰਹੀਆਂ ਖੇਡਾਂ | ਸਕੂਲ ਵਿੱਚ ਮੌਜੂਦ ਟੂਰਨਾਮੈਂਟ ਕਰਵਾਉਣ ਯੋਗ ਖੇਡ ਮੈਦਾਨਾਂ ਦੇ ਨਾਮ |
|---|---|---|---|---|---|---|---|---|
| | | | | | | | | |
| | | | | | | | | |
| | | | | | | | | |

ਸਕੂਲ ਮੁੱਖੀ ਦੇ ਹਸਤਾਖਰ
(ਮੋਹਰ ਸਮੇਤ)